# ਡਾਇਰੈਕਟਰ ਸਕੂਲ ਸਿੱਖਿਆ (ਸੈ.ਸਿ.) , ਪੰਜਾਬ।

202515505

ਈ-ਬਲਾਕ, ਚੌਥੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਸ.ਅ.ਸ ਨਗਰ (ਮੋਹਾਲੀ)।
ਫੋਨ ਨੰ:0172-5212322, ਈ-ਮੇਲ:smartschool@punjabeducation.gov.in

---

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.),
ਪੰਜਾਬ।

ਮੀਮੋ ਨੰ: ਸਸਅ/ ਸਮਾਰਟ ਸਕੂਲ/824428/2024-25/SPL-81
ਮਿਤੀ : 14.01.2025

**ਵਿਸ਼ਾ :- EDS-79 Financial Support of upkeeping of Government Schools ਸਕੀਮ ਅਧੀਨ ਰੱਖੇ ਗਏ ਕੈਂਪਸ ਮੈਨੇਜ਼ਰ ਦੀ performance evaluation ਸਬੰਧੀ।**

1.0 ਉੱਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕਰਨਾ ਜੀ।

2.0 ਉੱਕਤ ਵਿਸ਼ੇ ਸਬੰਧੀ EDS-79 Financial Support of upkeeping of Government Schools ਸਕੀਮ ਅਧੀਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਆਊਟਸੋਰਸ ਏਜੰਸੀ ਪੈਸਕੋ ਰਾਹੀਂ ਕੈਂਪਸ ਮੈਨੇਜਰਾਂ ਰੱਖੇ ਗਏ ਹਨ। ਇਨ੍ਹਾਂ ਕੈਂਪਸ ਮੈਨੇਜ਼ਰਾਂ ਵੱਲੋਂ ਸਕੂਲਾਂ ਵਿੱਚ ਨਿਭਾਈਆਂ ਜਾਣ ਵਾਲੀਆਂ ਡਿਊਟੀਆਂ ਸਬੰਧੀ ਵਿਭਾਗ ਵੱਲੋਂ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ ਸਨ (ਕਾਪੀ ਨੱਥੀ)। ਕਈਂ ਸਕੂਲ ਮੁੱਖੀਆਂ ਵੱਲੋਂ ਦਫ਼ਤਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਕੁੱਝ ਕੈਂਪਸ ਮੈਨੇਜਰਾਂ ਵੱਲੋਂ ਇਨ੍ਹਾਂ ਡਿਊਟੀਆਂ ਨੂੰ ਸੰਜੀਦਗੀ ਨਾਲ ਨਹੀਂ ਨਿਭਾਇਆ ਜਾ ਰਿਹਾ ਹੈ। ਉਨ੍ਹਾਂ ਵੱਲੋਂ ਸੁਝਾਅ ਦਿੱਤਾ ਗਿਆ ਹੈ ਕਿ ਟੀਚਿੰਗ ਅਤੇ ਨਾਨ ਟੀਚਿੰਗ ਸਟਾਫ ਦੀ ਤਰਜ਼ ਤੇ ਹੀ ਇਨ੍ਹਾਂ ਕੈਂਪਸ ਮੈਨੇਜ਼ਰਾਂ ਦੀ **ਵੀ** performance evaluation ਕੀਤੀ ਜਾਵੇ।

3.0 ਉੱਕਤ ਸੁਝਾਅ ਦੇ ਸਨਮੁੱਖ ਵਿਭਾਗ ਵੱਲੋਂ ਸਕੂਲਾਂ ਵਿੱਚ ਤਾਇਨਾਤ ਕੈਂਪਸ ਮੈਨੇਜ਼ਰਾਂ ਦੀ performance evaluation ਦਾ ਪ੍ਰੋਫਾਰਮਾ ਤਿਆਰ ਕੀਤਾ ਗਿਆ ਹੈ। ਆਪ ਨੂੰ ਲਿਖਿਆ ਜਾਂਦਾ ਹੈ ਕਿ ਜਿਨ੍ਹਾਂ ਸਕੂਲਾਂ ਵਿੱਚ ਇਹ ਕੈਂਪਸ ਮੈਨੇਜ਼ਰ ਤਾਇਨਾਤ ਹਨ, ਉਨ੍ਹਾਂ ਸੰਬੰਧਤ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਮਿਤੀ 28.01.2025 ਤੱਕ ਕੈਂਪਸ ਮੈਨੇਜ਼ਰ ਦੀ performance evaluation ਨੂੰ ਹੇਠਾਂ ਦਿੱਤੇ ਲਿੰਕ ਵਿੱਚ ਭਰਨਾ ਯਕੀਨੀ ਬਣਾਇਆ ਜਾਵੇ।

**ਲਿੰਕ : https://forms.gle/bAz5N4F91sUe5qje9**

4.0 ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।

**ਡਾਇਰੈਕਟਰ ਸਕੂਲ ਸਿੱਖਿਆ (ਸੈ.ਸਿ.), ਪੰਜਾਬ**

**ਪਿੱਠਅੰਕਣ ਨੰ.: Samagra//Smartschool/2024-25/ 1823** **ਮਿਤੀ: 14.01.2025**

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਪੀ.ਏ.ਟੂ ਸਕੱਤਰ ਸਕੂਲ ਸਿੱਖਿਆ ਜੀ।
2. ਪੀ.ਏ. ਟੂ ਸਪੈਸ਼ਲ ਸਕੱਤਰ ਸਕੂਲ ਸਿੱਖਿਆ (ਸੀ)।
3. ਪੀ.ਏ. ਟੂ ਡੀ.ਐਸ.ਈ. (ਸੈ.ਸਿ.), ਪੰਜਾਬ।
4. ਜਨਰਲ ਮੈਨੇਜ਼ਰ, ਪੈਸਕੋ, ਪੰਜਾਬ।
5. ਸੰਬੰਧਤ ਸਕੂਲ ਮੁੱਖੀ।

14.1.25

**ਸਹਾਇਕ ਡਾਇਰੈਕਟਰ, ਪੰਜਾਬ**

# ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ)

**4ਥੀ ਮੰਜਲ, ਈ ਬਲਾਕ, ਸਿੱਖਿਆ ਭਵਨ, ਫੇਜ਼-8 ਐੱਸ.ਏ.ਐੱਸ ਨਗਰ, ਪੰਜਾਬ 160062**

ਵੱਲ

1) ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ), ਪੰਜਾਬ
2) ਸਬੰਧਤ ਸਕੂਲ ਮੁਖੀ

ਮੀਮੋ ਨੰ.: ਸਸਅ/ਸਮਾਰਟ ਸਕੂਲ/2023/246851 ਮਿਤੀ 03-09-2023

**ਵਿਸ਼ਾ: ਸਰਕਾਰੀ ਸਕੂਲਾਂ ਵਿੱਚ ਕੈਂਪਸ ਮੈਨੇਜਰ ਨਿਯੁਕਤ ਕਰਨ ਲਈ ਦਿਸ਼ਾ-ਨਿਰਦੇਸ਼ ਜਾਰੀ ਕਰਨ ਸਬੰਧੀ।**

1.0 ਉਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕਰਨਾ ਜੀ।

2.0 ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਗੁਣਵੱਤਾ ਅਤੇ ਮਿਆਰੀ ਸਿੱਖਿਆ ਦੇਣ ਦੇ ਮੰਤਵ ਨਾਲ ਵਿਭਾਗ ਵੱਲੋਂ ਵੱਖ-ਵੱਖ ਸਕੀਮਾਂ ਤਹਿਤ ਸਕੂਲਾਂ ਵਿੱਚ ਕਲਾਸਰੂਮ, ਵੱਖ-ਵੱਖ ਤਰ੍ਹਾਂ ਦੀਆਂ ਲੈਬਜ਼, ਪ੍ਰਬੰਧਕੀ ਬਲਾਕ, ਲੜਕੇ, ਲੜਕੀਆਂ ਅਤੇ ਸਟਾਫ ਲਈ ਵੱਖਰੇ ਵੱਖਰੇ ਟੁਆਇਲਟ ਦੀ ਸੁਵਿਧਾ, ਸਕੂਲ ਕੈਂਪਸ ਦੀ ਚਾਰਦੀਵਾਰੀ ਆਦਿ ਦੀ ਉਸਾਰੀ ਲਈ ਅਤੇ ਇਨ੍ਹਾਂ ਇਮਾਰਤਾਂ ਦੀ ਸਾਂਭ ਸੰਭਾਲ ਲਈ ਵਿਭਾਗ ਵੱਲੋਂ ਸਮੇਂ ਸਮੇਂ ਤੇ ਫੰਡ ਜਾਰੀ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਸਕੂਲਾਂ ਵਿੱਚ IT Equipment, ਗੈਸ ਸਿਲੰਡਰ, ਕੀਮਤੀ ਫਰਨੀਚਰ ਅਤੇ ਹੋਰ ਜਰੂਰੀ ਦਫ਼ਤਰੀ ਸਾਜੋ ਸਮਾਨ ਮੁਹੱਈਆ ਕਰਵਾਇਆ ਜਾਂਦਾ ਹੈ। ਪ੍ਰੰਤੂ ਸਕੂਲਾਂ ਵਿੱਚ ਸਟਾਫ਼ ਦੀ ਘਾਟ ਕਾਰਨ ਸਕੂਲ ਮੁਖੀ ਇਨ੍ਹਾਂ ਦੀ ਸਾਂਭ ਸੰਭਾਲ ਅਤੇ ਦੇਖ-ਰੇਖ ਵਿੱਚ ਹੀ ਉਲਝੇ ਰਹਿੰਦੇ ਹਨ। ਸਕੂਲ ਮੁਖੀਆਂ ਨੂੰ ਇਹਨਾ ਵਾਧੂ ਕੰਮਾਂ ਤੋਂ ਮੁਕਤ ਕਰਨ ਦੇ ਮੰਤਵ ਨਾਲ ਵਿਭਾਗ ਵੱਲੋਂ ਹਰੇਕ ਸੀਨੀਅਰ ਸੈਕੰਡਰੀ ਸਕੂਲ ਵਿੱਚ ਕੈਂਪਸ ਮੈਨੇਜਰ ਨਿਯੁਕਤ ਕਰਨ ਦਾ ਫੈਸਲਾ ਲਿਆ ਗਿਆ ਹੈ।

3.0 ਇਹ ਕੈਂਪਸ ਮੈਨੇਜਰ ਸਕੂਲਾਂ ਵਿੱਚ Out Source Agency PESCO ਰਾਹੀਂ ਰੱਖੇ ਜਾਣੇ ਹਨ। ਜਿਸ ਤਹਿਤ ਪਹਿਲੇ ਫੇਜ ਵਿੱਚ ਚੁਣੇ ਗਏ 260 ਸਕੂਲਾਂ ਲਈ ਕੈਂਪਸ ਮੈਨੇਜਰਾਂ ਦੀ ਚੋਣ ਕੀਤੀ ਜਾ ਚੁੱਕੀ ਹੈ। ਆਪ ਨੂੰ 260 ਸਕੂਲਾਂ ਲਈ ਚੁਣੇ ਗਏ ਕੈਂਪਸ ਮੈਨੇਜਰਾਂ ਦੀ ਸਕੂਲ ਵਾਇਜ਼ ਲਿਸਟ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਨ੍ਹਾਂ ਨੂੰ ਨਾਲ ਨੱਥੀ ਲਿਸਟ ਅਨੁਸਾਰ ਸਕੂਲਾਂ ਵਿੱਚ ਤੁਰੰਤ ਜੁਆਇਨ ਕਰਵਾਇਆ ਜਾਵੇ ਅਤੇ ਉਸਦੀ ਰਿਪੋਰਟ ਮੁੱਖ ਦਫ਼ਤਰ ਨੂੰ ਭੇਜੀ ਜਾਵੇ।

4.0 ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਨਾਲ ਨੱਥੀ ਲਿਸਟ ਅਨੁਸਾਰ Outsource Agency PESCO ਰੱਖੇ ਗਏ ਕੈਂਪਸ ਮੈਨੇਜਰ ਨੂੰ ਦਿੱਤੇ ਜਾਣ ਵਾਲੇ ਮਹੀਨਾਵਾਰ ਮਿਹਨਤਾਨੇ ਦੇ ਬਿਲ PESCO ਵੱਲੋਂ ਸਬਮਿਟ ਕੀਤੇ ਜਾਣਗੇ। ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਡੀ.ਡੀ.ਓ ਹੋਣ ਦੇ ਨਾਤੇ ਸਬੰਧਤ ਕਰਮਚਾਰੀਆਂ ਦੀ ਵੈਰੀਫਿਕੇਸ਼ਨ ਕਰਨ ਉਪਰੰਤ ਹੀ ਬਣਦੀ ਮਹੀਨਾਵਾਰ ਰਾਸ਼ੀ ਡਰਾਅ ਕਰਵਾਉਣਗੇ।

5.0 **ਕੈਂਪਸ ਮੈਨੇਜਰ ਦੀ ਡਿਊਟੀ ਸਬੰਧੀ ਦਿਸ਼ਾ-ਨਿਰਦੇਸ਼:**

1) ਕੈਂਪਸ ਮੈਨੇਜਰ ਸਕੂਲ ਕੰਪਲੈਕਸ ਅਤੇ ਉਸ ਦੇ ਆਲੇ-ਦੁਆਲੇ ਦਾ ਨਿਰੀਖਣ ਕਰੇਗਾ ਅਤੇ ਸਕੂਲ ਸ਼ੁਰੂ ਹੋਣ ਤੋਂ ਅੱਧਾ ਘੰਟਾ ਪਹਿਲਾਂ ਸਕੂਲ ਵਿੱਚ ਹਾਜ਼ਰ ਹੋਵੇਗਾ ਅਤੇ ਸਕੂਲ ਬੰਦ ਹੋਣ ਤੋਂ ਅੱਧਾ ਘੰਟਾ ਬਾਅਦ ਸਕੂਲ ਤੋਂ ਜਾਣਗੇ।
2) ਕੈਂਪਸ ਮੈਨੇਜਰ ਦਫ਼ਤਰ ਵੱਲੋਂ ਜਾਰੀ ਕੀਤਾ ਸਨਾਖ਼ਤੀ ਕਾਰਡ ਅਤੇ ਸਿਲੈਕਟ ਕੀਤੀ ਵਰਦੀ ਵਿੱਚ ਡਿਊਟੀ ਤੇ ਹਾਜ਼ਰ ਹੋਣਗੇ।
3) ਸਕੂਲ ਕੈਂਪਸ ਅਤੇ ਕਲੱਸਟਰ ਸਕੂਲਾਂ ਵਿੱਚ ਚੱਲ ਰਹੇ ਸਿਵਲ ਵਰਕਸ ਦੇ ਕੰਮਾਂ ਦਾ ਨਿਰੀਖਣ ਕਰਨਗੇ ਅਤੇ ਕੰਮ ਨੂੰ ਸਮੇਂ ਸਿਰ ਮੁਕੰਮਲ ਕਰਨ ਲਈ ਬਣਦਾ ਸਹਿਯੋਗ ਦੇਣਗੇ।
4) ਸਕੂਲ ਵਿੱਚ ਉਪਲੱਬਧ ਹਰ ਤਰ੍ਹਾਂ ਦੇ ਇਨੰਫਰਾਸਟਰਕਚਰ ਦੀ ਦੇਖ ਰੇਖ, ਸਾਂਭ ਸੰਭਾਲ ਦੀ ਜਿੰਮੇਵਾਰੀ, ਬਿਜਲੀ ਅਤੇ ਪਾਣੀ ਦਾ ਪੁਖਤਾ ਪ੍ਰਬੰਧ ਦੀ ਨਿਰੋਲ ਜਿੰਮੇਵਾਰੀ ਕੈਂਪਸ ਮੈਨੇਜਰ ਦੀ ਹੋਵੇਗੀ।
5) ਸਕੂਲ ਕੈਂਪਸ ਅਤੇ ਕਲੱਸਟਰ ਸਕੂਲਾਂ ਵਿੱਚ ਉਪਲੱਬਧ ਖੇਡ ਦੇ ਮੈਦਾਨਾਂ ਦੀ ਦੇਖ-ਰੇਖ ਅਤੇ ਸਾਂਭ-ਸੰਭਾਲ ਦੀ ਜਿੰਮੇਵਾਰੀ ਕੈਂਪਸ ਮੈਨੇਜਰ ਦੀ ਹੋਵੇਗੀ।
6) ਕੈਂਪਸ ਮੈਨੇਜਰ ਸਕੂਲ ਵਿੱਚ ਓਪਨ ਏਰੀਏ ਦੀ ਸੁਚਾਰੂ ਵਰਤੋਂ ਅਤੇ ਪੌਦਿਆਂ ਦੀ ਸਾਂਭ-ਸੰਭਾਲ, ਲੈਂਡਸਕੇਪਿੰਗ ਆਦਿ ਦੀ ਦੇਖ-ਰੇਖ ਯਕੀਨੀ ਬਣਾਉਣਗੇ।
7) ਕੈਂਪਸ ਮੈਨੇਜਰ ਸਕੂਲ ਵਿੱਚ ਸਾਰੇ ਸਮਾਨ ਦਾ ਸਟਾਕ ਰਜਿਸਟਰ ਵਿੱਚ ਇੰਦਰਾਜ ਕਰਨਾ ਅਤੇ ਹਰੇਕ item ਤੇ identification mark ਲਗਾਉਣਾ ਯਕੀਨੀ ਬਣਾਉਣਗੇ ਅਤੇ ਮਹੀਨੇ ਸਕੂਲ ਮੁਖੀ ਤੋਂ ਤਸਦੀਕ ਕਰਵਾਉਣਗੇ।
8) ਕੈਂਪਸ ਮੈਨੇਜਰ ਸਕੂਲ ਵਿੱਚ ਚੌਕੀਦਾਰ, ਸਫਾਈ ਕਰਮਚਾਰੀ, ਸੁਰੱਖਿਆ ਕਰਮਚਾਰੀ, ਮਿੱਡ-ਡੇ-ਮੀਲ ਵਰਕਰ ਆਦਿ ਨਾਲ ਤਾਲਮੇਲ ਕਰਨਗੇ ਅਤੇ ਉਨ੍ਹਾਂ ਦੀਆਂ ਸਕੂਲ ਦੇ ਕੰਮਾਂ ਵਿੱਚ ਆਉਣ ਵਾਲੀਆਂ ਦਰਪੇਸ਼ ਮੁਸ਼ਕਿਲਾਂ ਨੂੰ ਹੱਲ ਕਰਨਗੇ।
9) ਸਕੂਲ ਮੈਨੇਜਮੈਂਟ ਕਮੇਟੀਆਂ ਕੈਂਪਸ ਮੈਨੇਜਰ ਤੋਂ ਸੁੱਚਜੇ ਢੰਗ ਨਾਲ ਕੰਮ ਲੈਣ ਲਈ ਪਾਬੰਦ ਹੋਣਗੀਆਂ ਅਤੇ ਸਕੂਲ ਮੈਨੇਜਮੈਂਟ ਕਮੇਟੀਆਂ ਵੱਲੋਂ ਇਨ੍ਹਾਂ ਕੈਂਪਸ ਮੈਨੇਜਰ ਦੇ ਕੰਮਾਂ ਦਾ ਸਮੇਂ ਸਮੇਂ ਤੇ ਰੀਵਿਊ ਕੀਤਾ ਜਾਵੇਗਾ। ਕਿਸੇ ਕੈਂਪਸ ਮੈਨੇਜਰ ਦਾ ਕੰਮ ਤਸੱਲੀਬਖ਼ਸ ਨਾ ਹੋਣ ਤੇ ਸਕੂਲ ਮੈਨੇਜਮੈਂਟ ਕਮੇਟੀਆਂ ਕੈਂਪਸ ਮੈਨੇਜਰ ਦੀਆਂ ਸੇਵਾਵਾਂ ਖਤਮ ਕਰਨ ਲਈ ਜਿਲ੍ਹਾ ਸਿੱਖਿਆ ਦਫ਼ਤਰ (ਸੈ.ਸਿ) ਰਾਹੀਂ PESCO ਨੂੰ ਸੂਚਿਤ ਕਰਨ ਲਈ ਅਧਿਕਾਰਤ ਹੋਣਗੀਆਂ।
10) ਕਲੱਸਟਰ ਅਧੀਨ ਆਉਂਦੇ ਸਕੂਲਾਂ ਵਿੱਚ ਉਕਤ ਸਾਰੇ ਕੰਮ ਕਰਵਾਉਣ ਦੀ ਜਿੰਮੇਵਾਰੀ ਵੀ ਕੈਂਪਸ ਮੈਨੇਜਰ ਦੀ ਹੋਵੇਗੀ।
11) ਜੇਕਰ ਸਕੂਲ ਵਿੱਚ ਛੁੱਟੀ ਵਾਲੇ ਦਿਨ ਕੋਈ ਵੀ ਸ਼ਪੈਸ਼ਲ ਈਵੈਂਟ ਜਾਂ ਕੋਈ ਪੇਪਰ ਹੋਵੇਗਾ ਤਾਂ ਕੈਂਪਸ ਮੈਨੇਜਰ ਉਸ ਦਿਨ ਸਕੂਲ ਵਿੱਚ ਹਾਜ਼ਰ ਰਹਿਣਗੇ।

ਹੋਣਗੇ।

6.0 ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਵੱਲੋਂ ਸਮੇਂ ਸਮੇਂ ਤੇ ਸਕੂਲਾਂ ਦਾ ਨਿਰੀਖਣ ਕੀਤਾ ਜਾਵੇਗਾ।

7.0 ਉਕਤ ਹਿਦਾਇਤਾਂ ਦੀ ਇਨ-ਬਿਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਡਾਇਰੈਕਟਰ ਸਕੂਲ ਸਿੱਖਿਆ (ਸੈ.ਸਿ)

ਪਿੱਠ ਅੰਕਣ ਨੰ.: ਸਸਅ/ਸਮਾਰਟ ਸਕੂਲ/2023 /ਉਕਤ ਮਿਤੀ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਪੀ.ਏ. ਟੂ ਸਕੱਤਰ ਸਕੂਲ ਸਿੱਖਿਆ
2. ਪੀ.ਏ. ਟੂ ਡੀ.ਜੀ.ਐੱਸ.ਈ.
3. ਪੀ.ਏ. ਟੂ ਸਪੈਸ਼ਲ ਸਕੱਤਰ ਸਕੂਲ ਸਿੱਖਿਆ
4. ਪੀ.ਏ. ਟੂ ਡਾਇਰੈਕਟਰ ਸਕੂਲ ਸਿੱਖਿਆ (ਸੈ.ਸਿ)
5. ਡਾਇਰੈਕਟਰ, SCERT
6. ਡਾਇਰੈਕਟਰ(ਐ.ਸਿ)
7. ਜਿਲ੍ਹਾ ਸਿਖਿੱਆ ਅਫਸਰ(ਐ.ਸਿ)
8. ਸਮੂਹ ਬੀ.ਪੀ.ਈ.ਓਜ
9. ਸਮੂਹ ਜੇ.ਈਜ
10 MD PESCO

ਡਾਇਰੈਕਟਰ ਸਕੂਲ ਸਿੱਖਿਆ (ਸੈ.ਸਿ)

ਦਫਤਰ ਜਿਲਾ ਸਿਖਿਆ ਅਫਸਰ(ਸੈ.ਸਿ) ਬਠਿੰਡਾ

ਪਿਠਅੰਕਣ ਨੰ: ਜੀ-3/1( )2025/ /2637 ਮਿਤੀ 16.1.2025

ਉਪਰੋਕਤ ਦਾ ਉਤਾਰਾ ਜਿਲੇ ਦੇ ਸਮੂਹ ਸਕੂਲ ਮੁਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਪੱਤਰ ਵਿਚ ਦਿੱਤੇ ਲਿੰਕ ਵਿਚ ਕੈਂਪਸ ਮੈਨੇਜਰ ਦੀ **performance evaluation** ਭਰਨੀ ਯਕੀਨੀ ਬਣਾਈ ਜਾਵੇ ਅਤੇ ਦਿੱਤੀਆਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ।

ਜਿਲਾ ਸਿਖਿਆ ਅਫਸਰ (ਸੈ ਸਿ)
ਬਠਿੰਡਾ 16/1/25